ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ
ਪੰਜਾਬ ਰਾਜ।

ਨੰ ਪਸਸਬ.....1001.....................ਸ.ਸ.ਕਸ ਮਿਤੀ 13/4/23..........ਐਸ.ਏ.ਐਸ.ਨਗਰ

ਵਿਸ਼ਾ: ਦਸਵੀਂ ਅਤੇ ਬਾਰਵੀਂ/ ਸ਼੍ਰੇਣੀ ਫਰਵਰੀ/ ਮਾਰਚ 2023 ਦੀ ਸਲਾਨਾ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਬੈਂਕਾਂ ਦੀ ਸੇਫ ਕਸਟੱਡੀ ਵਿੱਚ ਰੱਖਣ ਅਤੇ ਪ੍ਰੀਖਿਆ ਵਾਲੇ ਦਿਨ ਬੈਂਕ ਤੋਂ ਪ੍ਰਾਪਤ ਕਰਨ ਸਬੰਧੀ।

ਸ੍ਰੀਮਾਨ ਜੀ,

1. ਬਾਰਵੀਂ ਸ਼੍ਰੇਣੀ ਫਰਵਰੀ/ਮਾਰਚ 2023 ਦੀ ਸਲਾਨਾ ਪ੍ਰੀਖਿਆ ਮਿਤੀ 20.2.2023 ਤੋਂ 20.4.2023 ਤੱਕ ਅਤੇ ਦਸਵੀਂ ਸ਼੍ਰੇਣੀ ਦੀ ਪ੍ਰੀਖਿਆ ਮਿਤੀ 24.3.2023 ਤੋਂ 20.4.2023 ਤੱਕ ਨਾਲ ਨੱਥੀ ਡੇਟਸ਼ੀਟ ਅਨੁਸਾਰ ਕਰਵਾਈ ਜਾ ਰਹੀ ਹੈ।
2. ਜਿਲਾ ਮੈਨੇਜਰ ਖੇਤਰੀ ਦਫਤਰ ਦੀ ਟੀਮ ਆਪਣੀ ਨਿਗਰਾਨੀ ਹੇਠ ਬਾਰਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ First Lot (ਜਾਰੀ ਡੇਟਸੀਟ ਅਨੁਸਾਰ ਮਿਤੀ 20.2.2023 ਤੋਂ 22.3.2023 ਤੱਕ ਦਰਜ ਵਿਸ਼ਿਆਂ ਦੇ ਪ੍ਰਸ਼ਨ ਪੱਤਰ ) ਮਿਤੀ 15.2.2023 ਤੋਂ 16.2.2023 ਤੱਕ ਪ੍ਰਿੰਸ਼ੀਪਲ ਕਮ ਕੇਂਦਰ ਕੰਟਰੋਲਰ ਨੂੰ ਪ੍ਰਾਪਤ ਕਰਵਾਕੇ ਬੈਂਕ ਵਿੱਚ ਰਖਵਾਉਣਗੇ।
3. ਇਸ ਤਰਾਂ ਬਾਰਵੀਂ ਸ੍ਰੇਣੀ ਦੇ ਪ੍ਰਸ਼ਨ ਪੱਤਰਾਂ ਦਾ Second Lot (ਜਾਰੀ ਡੇਟਸ਼ੀਟ ਅਨੁਸਾਰ ਮਿਤੀ 24.3.2023 ਤੋਂ 20.4.2023 ਤੱਕ ਦਰਜ ਵਿਸ਼ਿਆਂ ਦੇ ਪ੍ਰਸ਼ਨ ਪੱਤਰ ) ਦਸਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਦੇ ਨਾਲ ਹੀ ਮਿਤੀ 20.3.2023 ਤੋਂ 22.3.2023 ਤੱਕ ਪ੍ਰਿੰਸ਼ੀਪਲ ਕਮ ਕੇਂਦਰ ਕੰਟਰੋਲਰ ਨੂੰ ਪ੍ਰਾਪਤ ਕਰਵਾਕੇ ਬੈਂਕ ਵਿੱਚ ਰਖਵਾਉਣਗੇ।
4. ਪ੍ਰਸ਼ਨ ਪੱਤਰ ਪ੍ਰਾਪਤ ਕਰਨ ਉਪਰੰਤ ਜੇਕਰ ਕਿਸੇ ਵਿਸ਼ੇ ਦੇ ਪ੍ਰਸ਼ਨ ਪੱਤਰ ਘੱਟ ਹਨ ਜਾਂ ਪ੍ਰਾਪਤ ਨਹੀਂ ਹੋਏ ਤਾਂ ਇਸ ਬਾਰੇ ਪ੍ਰਸ਼ਨ ਪੱਤਰ ਪ੍ਰਾਪਤ ਕਰਨ/ਬੈਂਕ ਵਿੱਚ ਰਖਵਾਉਣ ਸਮੇਂ ਹੀ ਮੁੱਖ ਦਫਤਰ ਨੂੰ ਸੂਚਿਤ ਕੀਤਾ ਜਾਵੇ।
5. ਪ੍ਰਸ਼ਨ ਪੱਤਰ ਪ੍ਰਾਪਤ ਕਰਨ ਵਾਲਾ ਅਧਿਕਾਰੀ ਸਕੂਲ ਦੇ ਲੈਟਰ ਪੈਡ ਉਪਰ ਕੀਤੇ ਹਸਤਾਖਰ ਅਤੇ ਸ਼ਨਾਖਤੀ ਕਾਰਡ ਬੈਂਕ ਵਿੱਚ ਪੇਸ਼ ਕਰੇਗਾ।
6. ਬਾਰਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਪ੍ਰੀਖਿਆ ਵਾਲੇ ਦਿਨ ਦੁਪਹਿਰ 12.30 ਵਜੇ ਪ੍ਰਾਪਤ ਕੀਤੇ ਜਾਣ ਅਤੇ ਦਸਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਸਵੇਰੇ 8.30 ਵਜੇ ਪ੍ਰਾਪਤ ਕੀਤੇ ਜਾਣ ਭਾਵ ਦੋਵੇਂ ਸ਼੍ਰੇਣੀਆਂ ਦੇ ਪ੍ਰਸ਼ਨ ਪੱਤਰ ਅਲੱਗ ਅਲੱਗ ਸਮੇਂ ਅਨੁਸਾਰ ਪ੍ਰਾਪਤ ਕੀਤੇ ਜਾਣ।
7. ਪ੍ਰਸ਼ਨ ਪੱਤਰ ਦਾ ਸੀਲਬੰਦ ਪੈਕਟ ਬੈਂਕ ਵਿੱਚੋਂ ਪ੍ਰਾਪਤ ਕਰਨ ਸਮੇਂ ਡੇਟਸ਼ੀਟ ਦੇ ਨਾਲ ਵਿਸ਼ੇ ਦਾ ਨਾਮ ਅਤੇ ਦਰਜ ਕੋਡ ਨੰਬਰ ਦਾ ਮਿਲਾਨ ਵੀ ਕੀਤਾ ਜਾਵੇ।
8. ਬੈਂਕ ਵਿੱਚ ਰੱਖੇ ਜਾਣ ਵਾਲੇ ਰਜਿਸਟਰ ਵਿੱਚ ਪ੍ਰਸ਼ਨ ਪੱਤਰ (ਪੈਕਟ) ਲੈਣ ਦਾ ਸਮਾਂ ਆਦਿ ਵੀ ਦਰਜ ਕੀਤਾ ਜਾਵੇ।
9. ਸਿੰਗਲ (ਕੇਵਲ ਵਿਲੱਖਣ ਸਮਰੱਥਾ ) ਪ੍ਰੀਖਿਆ ਕੇਂਦਰ ਵਿੱਚ ਪ੍ਰਸ਼ਨ ਪੱਤਰਾਂ ਦਾ ਪੈਕਟ ਖੋਲਣ ਸਮੇਂ ਮੋਬਾਇਲ ਦੀ ਲੋਕੇਸ਼ਨ ਆਨ ਕਰਕੇ ਰਿਕਾਰਡਿੰਗ ਕੀਤੀ ਜਾਵੇ।
10. ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੇ ਪ੍ਰਸ਼ਨ ਪੱਤਰ ਇੱਕ ਹੀ ਟਰੰਕ ਵਿੱਚ ਰੱਖੇ ਜਾਣ।
11. ਪ੍ਰਸ਼ਨ ਪੱਤਰ ਡੇਟਸ਼ੀਟ ਅਨੁਸਾਰ ਉਸੇ ਵਿਸ਼ੇ ਦਾ ਪ੍ਰਾਪਤ ਕੀਤਾ ਜਾਵੇ ਅਤੇ ਬੈਂਕ ਤੋਂ ਰਸੀਦ ਵੀ ਲਈ ਜਾਵੇ।

12. ਕੇਂਦਰ ਕੰਟਰੋਲਰ, ਪ੍ਰੀਖਿਆ ਕੇਂਦਰ ਵਿੱਚ ਦਸਵੀਂ/ਬਾਰਵੀਂ ਦੇ ਪ੍ਰਸ਼ਨ ਪੱਤਰ ਅੱਧਾ ਘੰਟਾ ਪਹਿਲਾਂ ਪਹੁੰਚਾਉਣਾ ਯਕੀਨੀ ਬਣਾਏਗਾ।

13 ਕੋਵਿਡ-19 ਸਬੰਧੀ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

14. ਇਸ ਕਾਰਜ ਲਈ ਆਪਜੀ ਦੇ ਸਹਿਯੋਗ ਦੀ ਸਖਤ ਜਰੂਰਤ ਹੈ। ਕਿਸੇ ਵੀ ਤਰਾਂ ਦੀ ਜਾਣਕਾਰੀ ਲਈ
ਫੋਨ ਨੰ: 0172-5227333, 339 340 ਤੇ ਸੰਪਰਕ ਕੀਤਾ ਜਾਵੇ।

ਨੱਥੀ:ਡੇਟਸ਼ੀਟ

ਸਹੀ/
ਸਹਾਇਕ ਸਕੱਤਰ (ਕੰਡਕਟ)
ਪੰਜਾਬ ਸਕੂਲ ਸਿੱਖਿਆ ਬੋਰਡ।

ਉਤਾਰਾ:ਸਮੂਹ ਜਿਲਾ ਸਿੱਖਿਆ ਅਫਸਰ /ਮੈਨੇਜਰ , ਖੇਤਰੀ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

24/02/2023
ਸਹਾਇਕ ਸਕੱਤਰ (ਕੰਡਕਟ)
ਪੰਜਾਬ ਸਕੂਲ ਸਿੱਖਿਆ ਬੋਰਡ।

## ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿੱਠ ਅੰਕਣ ਨੰ. ਅ-7/ਪ੍ਰੀਖਿਆ/2023/ 461 ਮਿਤੀ:- 27/02/2023

ਉਪਰੋਕਤ ਦਾ ਉਤਾਰਾ ਜਿਲਾ ਬਠਿੰਡਾ ਦੇ ਸਕੂਲ ਮੁਖੀਆਂ ਕਮ ਪ੍ਰੀਖਿਆ ਕੇਂਦਰ ਕੰਟਰੋਲਰਜ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ

Gurpreet Singh
ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ